# ਅਕਾਦਮਿਕ ਸਾਲ-2024-25

# ਸਮਾਜ ਸ਼ਾਸਤਰ

# ਸ੍ਰੇਣੀ-ਬਾਰ੍ਹਵੀਂ

# ਮਾਡਲ ਟੈਸਟ ਪੇਪਰ

## (ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ ਲਈ)

ਸਮਾਂ: 3 ਘੰਟੇ ਕੁੱਲ ਅੰਕ: 80

(i) ਪ੍ਰਸ਼ਨ ਪੱਤਰ 5 ਭਾਗਾਂ (ੳ, ਅ, ੲ,ਸ ,ਹ ) ਵਿੱਚ ਵੰਡਿਆ ਗਿਆ ਹੈ।

(ii) ਭਾਗ-ੳ ਪ੍ਰਸ਼ਨ ਨੰਬਰ 1 ਦੇ 10 ਉਪ - ਪ੍ਰਸ਼ਨ ਹਨ। ਹਰ ਉਪ - ਪ੍ਰਸ਼ਨ 2 ਅੰਕ ਦਾ ਹੈ।

(iii) ਭਾਗ-ਅ ਪ੍ਰਸ਼ਨ ਨੰਬਰ 2 ਦੇ 5 ਉਪ - ਪ੍ਰਸ਼ਨ ਹਨ। ਹਰ ਉਪ - ਪ੍ਰਸ਼ਨ 2 ਅੰਕ ਦਾ ਹੈ।

(iv ) ਭਾਗ-ੲ ਪ੍ਰਸ਼ਨ ਨੰਬਰ 3 ਦੇ 8 ਉਪ - ਪ੍ਰਸ਼ਨ ਹਨ, ਕੁਲ 5 ਪ੍ਰਸ਼ਨ ਕਰਨੇ ਹਨ। ਹਰ ਪ੍ਰਸ਼ਨ ਦਾ ਉੱਤਰ 25 –30ਸ਼ਬਦਾਂ ਵਿੱਚ ਦੇਣਾ ਹੈ।ਹਰ ਪ੍ਰਸ਼ਨ 4 ਅੰਕ ਦਾ ਹੈ।

(v) ਭਾਗ (ਸ)ਪ੍ਰਸ਼ਨ ਨੰਬਰ 4 ਸਰੋਤ ਆਧਾਰਿਤ ਪ੍ਰਸ਼ਨ ਹੈ, ਜੋ 20 ਅੰਕਾਂ ਦਾ ਹੈ।ਇਸ ਭਾਗ ਵਿੱਚ ਦੋ ਉਪ- ਪ੍ਰਸ਼ਨ ਹਨ । ਹਰ ਇੱਕ ਉਪ ਪ੍ਰਸ਼ਨ ਵਿੱਚ ਪੰਜ ਪ੍ਰਸ਼ਨ ਦਿੱਤੇ ਗਏ ਹਨ ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।

(vi) ਭਾਗ-ਹ ਪ੍ਰਸ਼ਨ ਨੰਬਰ 5 ਵਿੱਚ 100 ਅੰਦਰੂਨੀ ਛੋਟ ਨਾਲ 2 ਪ੍ਰਸ਼ਨ ਦਿੱਤੇ ਗਏ ਹਨ। ਹਰ ਪ੍ਰਸ਼ਨ ਦਾ ਉੱਤਰ 50 –100 ਸ਼ਬਦਾਂ ਵਿੱਚ ਦੇਣਾ ਹੈ।ਹਰ ਪ੍ਰਸ਼ਨ 5 ਅੰਕ ਦਾ ਹੈ।

## ਭਾਗ (ੳ)

**ਬਹੁਵਿਕਲਪੀ ਪ੍ਰਸ਼ਨ** **(2 x 10= 20)**

1. ਸਹੀ ਵਿਕਲਪ ਦੀ ਚੋਣ ਕਰੋ।ਸਾਰੇ ਪ੍ਰਸ਼ਨ ਜਰੂਰੀ ਹਨ।

(i) ਭਾਰਤ ਦੇ ਕਿਸ ਰਾਜ ਵਿੱਚ ਕਬਾਈਲੀ ਸਮਾਜ ਦੀ ਜਨਸੰਖਿਆ ਸਭ ਤੋਂ ਘੱਟ ਹੈ ?

(ੳ) ਤ੍ਰਿਪੁਰਾ (ਅ) ਉੜੀਸਾ (ੲ) ਆਂਧਰਾ ਪ੍ਰਦੇਸ਼ (ਸ) ਗੋਆ

(ii) ਪਿੰਡ ਦੀ ਸਥਾਨਕ ਸਰਕਾਰ ਕਿਹੜੀ ਹੁੰਦੀ ਹੈ ?

(ੳ) ਨਗਰ ਨਿਗਮ (ਅ) ਬਲਾਕ ਸੰਮਤੀ (ੲ) ਪੰਚਾਇਤ (ਸ) ਨਗਰ ਕੌਂਸਲ

(iii) ਪਿੰਡਾਂ ਵਿੱਚੋਂ ਸ਼ਹਿਰਾਂ ਵੱਲ ਦੇ ਪ੍ਰਵਾਸ ਨੂੰ ਕੀ ਕਹਿੰਦੇ ਹਨ ?

(ੳ) ਸਹਿਰੀ ਸਮਾਜ (ਅ) ਪੇਂਡੂ ਸਮਾਜ (ੲ) ਸ਼ਹਿਰੀਵਾਦ (ਸ) ਸ਼ਹਿਰੀਕਰਨ

(iv) ਹਿੰਦੂ ਸਮਾਜਿਕ ਵਿਵਸਥਾ ਅਨੁਸਾਰ ਸਮਾਜ ਕਿੰਨੇ ਵਰਨਾ ਵਿੱਚ ਵੰਡਿਆ ਹੋਇਆ ਹੈ ?

(ੳ) ਛੇ (ਅ) ਪੰਜ (ੲ) ਚਾਰ (ਸ) ਤਿੰਨ

(v) ਹੇਠ ਲਿਖਿਆਂ ਵਿੱਚੋਂ ਕਿਹੜਾ ਉਤਪਾਦਨ ਦੇ ਸਾਧਨਾਂ ਦਾ ਸੰਗ੍ਰਹਿ ਹੈ ?

(ੳ) ਜਮੀਨ (ਅ) ਸੱਭਿਆਚਾਰ (ੲ) ਕਾਮੇ (ਸ) ਪੂੰਜੀ

(vi) ਟਰਾਂਸ ਜੈਂਡਰ ਦਾ ਅਰਥ ਹੈ ?

(ੳ) ਪੁਰਸ਼ (ਅ) ਇਸਤਰੀ (ੲ) ਤੀਸਰਾ ਲਿੰਗ ਵਰਗ (ਸ) ਕੋਈ ਨਹੀਂ

(vii) ਪਰਿਵਰਤਨ ਵਿੱਚ ਸੱਭਿਆਚਾਰਕ ਪ੍ਰਕਿਰਿਆਵਾਂ ਹਨ ?

(ੳ) ਪਛਮੀਕਰਨ (ਅ) ਸੰਸਕ੍ਰਿਤੀਕਰਨ (ੲ) ਆਧੁਨਿਕੀਕਰਨ (ਸ) ਵਿਸ਼ਵੀਕਰਨ

(viii) ਇੱਕ ਜਾਤੀ ਨੂੰ ਪਰਬਲ ਹੋਣ ਲਈ ਉਸ ਕੋਲ ਕੀ ਹੋਣਾ ਜਰੂਰੀ ਸੀ ?

(ੳ) ਵਾਹੀਯੋਗ ਅਤੇ ਉਪਜਾਊ ਜਮੀਨ (ਅ) ਕਾਰਖਾਨਾ (ੲ) ਟਰਾਂਸਪੋਰਟ (ਸ) ਆੜ੍ਹਤ ਦਾ ਕੰਮ

(ix) ਹੇਠ ਲਿਖਿਆਂ ਵਿੱਚੋਂ ਕਿਸ ਨੇ ਕਿਹਾ ਕਿ ਆਧੁਨਿਕੀਕਰਨ ਦੀ ਪ੍ਰਕਿਰਿਆ ਨਿੱਜੀ ਰਿਸ਼ਤਿਆਂ ਤੋਂ ਨਿੱਜੀ ਰਿਸ਼ਤਿਆਂ ਵੱਲ ਵੱਧਦੀ ਹੈ?

(ੳ) ਦੁਰਖੀਮ (ਅ) ਮੈਕਸ ਵੈਬਰ (ੲ) ਕਾਰਲ ਮਾਰਕਸ (ਸ) ਕੋਈ ਨਹੀਂ

(x) ਸੱਤਿਆ ਸੋਧਕ ਸਮਾਜ ਦੇ ਪ੍ਰਤੀਨਿਧੀ ਕੌਣ ਸਨ ?

(ੳ) ਜੋਤੀ ਰਾਓ ਫੂਲੇ (ਅ) ਡਾਕਟਰ ਅੰਬੇਦਕਰ

(ੲ) ਈਸਵਰ ਚੰਦਰ ਵਿਦਿਆ ਸਾਗਰ (ਸ) ਨਰਾਇਣ ਗੁਰੂ

## ਭਾਗ (ਅ)

**2. ਦੱਸੇ ਗਏ ਅਨੁਸਾਰ ਹੇਠ ਲਿਖੇ ਪ੍ਰਸ਼ਨ ਕਰੋ :-** **5 x 2 = 10**

(i) ਬਦਲਵੀ ਖੇਤੀ ਨੂੰ ------ਖੇਤੀ ਵੀ ਕਿਹਾ ਜਾਂਦਾ ਹੈ। (ਖ਼ਾਲੀ ਥਾਂ ਭਰੋ)

(ii) 21ਵੀਂ ਸਦੀ ਵਿੱਚ ਚੁਣੌਤੀ ਪੂਰਨ ਵਿਸ਼ੇਸ਼ਤਾ ---------ਜਨਸੰਖਿਆ ਹੈ ।(ਖ਼ਾਲੀ ਥਾਂ ਭਰੋ)

(iii) ਮੁੰਡਾ ਕਬੀਲੇ ਦੇ ਲੋਕ 'ਮੁੰਡਾਰੀ' ਭਾਸ਼ਾ ਬੋਲਦੇ ਹਨ। (ਸਹੀ/ਗ਼ਲਤ)

(iv) ਸਮਾਜਿਕ ਅੰਦੋਲਨ ਸੁਭਾਅ ਤੋਂ ਹਮੇਸ਼ਾ ਸ਼ਾਂਤੀਪੂਰਨ ਹੁੰਦੇ ਹਨ। (ਸਹੀ/ਗ਼ਲਤ)

(v) ਪਤਨੀ ਨੂੰ ਚੋਟ ਪਹੁੰਚਾਉਣਾ ਘਰੇਲੂ ਹਿੰਸਾ ਹੈ। (ਸਹੀ/ਗ਼ਲਤ)

## ਭਾਗ (ੲ)

**3. ਕੋਈ ਪੰਜ ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 25 -30 ਸ਼ਬਦਾਂ ਵਿੱਚ ਦਿਓ :- 5 x 4 = 20**

(i) ਨਿਰਵਾਹ ਅਤੇ ਆਰਥਿਕ ਵਿਵਸਥਾ ਕੀ ਹੈ?

(ii) ਜੰਗਲਾਂ ਦੀ ਕਟਾਈ ਤੋਂ ਕੀ ਭਾਵ ਹੈ?

(iii) ਮੁਕਦਮੇਬਾਜੀ ਤੋਂ ਤੁਹਾਡਾ ਕੀ ਭਾਵ ਹੈ?

(iv) ਵਰਗ ਤੋਂ ਤੁਸੀਂ ਕੀ ਸਮਝਦੇ ਹੋ?

(v) ਪੱਛਮੀ ਕਰਨ ਤੋਂ ਤੁਹਾਡਾ ਕੀ ਭਾਵ ਹੈ?

(vi) ਮਨਵਾ ਤੋਂ ਤੁਸੀਂ ਕੀ ਸਮਝਦੇ ਹੋ?

(vii) ਜਾਤੀ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ ?

(viii) ਪਤਨੀ ਨੂੰ ਸਰੀਰਕ ਕਸ਼ਟ ਦੇਣ ਤੋਂ ਕੀ ਭਾਵ ਹੈ?

**ਭਾਗ (ਸ)** 10 x 2 = 20

**4. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-** 5 x 2 = 10

ਭਾਰਤ ਦੇ ਸਮਕਾਲੀ ਕਬਾਇਲੀ ਸਮਾਜ ਆਦਮ ਸੰਸਕ੍ਰਿਤੀ ਦੇ ਆਦਰਸ਼ਾਂ ਨੂੰ ਨਹੀਂ ਮੰਨਦੇ। ਇਸ ਸਮਾਜ ਵਿੱਚ ਸ਼ਹਿਰੀ ਅਤੇ ਪੇਂਡੂ ਦੋਨੋਂ ਪ੍ਰਣਾਲੀਆਂ ਹੀ ਮੌਜੂਦ ਹਨ ਅਤੇ ਇਹਨਾਂ ਦੀ ਸਾਖਰਤਾ ਦਰ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਅਜੋਕੇ ਸਮੇਂ ਵਿੱਚ ਵੀ ਭਾਰਤ ਵਿੱਚ ਕੁਝ ਅਜਿਹੇ ਕਬੀਲੇ ਹਨ ਜਿਹੜੇ ਪੁਰਾਤਨ ਅਰਥ ਵਿਵਸਥਾ ਦੀ ਪਾਲਣਾ ਕਰਦੇ ਹਨ ਅਤੇ ਉਹਨਾਂ ਦੀ ਜੀਵਨ ਸ਼ੈਲੀ ਪੁਰਾਤਨ ਢੰਗ ਦੀ ਹੈ। ਦੂਸਰੇ ਪਾਸੇ ਉਹ ਸਮੂਹ ਵੀ ਹਨ ਜਿਹੜੇ ਆਧੁਨਿਕੀਕਰਨ ਦੀ ਪ੍ਰਕਿਰਿਆ ਰਾਹੀਂ ਆਪਣੇ ਆਪ ਨੂੰ ਬਦਲ ਰਹੇ ਹਨ। ਇਹੋ ਜਿਹੇ ਪਰਿਵਰਤਨ ਦੇ ਬਾਵਜੂਦ ਵੀ ਸਾਰੇ ਕਬਾਇਲੀ ਸਮਾਜ ਆਪਣੇ ਪਰੰਪਰਾਵਾਦੀ ਪੱਧਰ ਨੂੰ ਕਾਇਮ ਰੱਖਣ ਲਈ ਜ਼ੋਰ ਦਿੰਦੇ ਹਨ। ਇਹਨਾਂ ਕਬੀਲਿਆਂ ਨੂੰ "ਅਨੁਸੂਚਿਤ ਜਨਜਾਤੀ" ਦਾ ਦਰਜਾ ਦਿੱਤਾ ਗਿਆ ਹੈ।

(i) ਸਮਕਾਲੀ ਕਬਾਇਲੀ ਸਮਾਜ ਵਿੱਚ ਕਿਹੜੀ-2 ਪ੍ਰਣਾਲੀਆਂ ਮੌਜੂਦ ਹਨ?

(ii) ਕੁਝ ਕਬੀਲੇ ਹਾਲੇ ਵੀ ਕਿਹੜੀ ਵਿਵਸਥਾ ਦੀ ਪਾਲਣਾ ਕਰਦੇ ਹਨ?

(iii) ਬਾਕੀ ਕਬੀਲੇ ਕਿਸ ਪ੍ਰਕਿਰਿਆ ਰਾਹੀਂ ਆਪਣੇ ਆਪ ਨੂੰ ਬਦਲ ਰਹੇ ਹਨ?

(iv) ਪਰਿਵਰਤਨਾਂ ਦੇ ਬਾਵਜੂਦ ਕਬਾਇਲੀ ਸਮਾਜ ਕੀ ਕਾਇਮ ਰੱਖਣ ਤੇ ਜ਼ੋਰ ਦਿੰਦੇ ਹਨ?

(v) ਇਨ੍ਹਾਂ ਕਬੀਲਿਆਂ ਨੂੰ ਕਿਸ ਜਨਜਾਤੀ ਦਾ ਦਰਜਾ ਦਿੱਤਾ ਗਿਆ ਹੈ?

**(B) ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-** 5 x 2 = 10

ਆਧੁਨਿਕੀਕਰਨ ਤੋਂ ਭਾਵ ਜਿਉਣ ਦੇ ਨਵੇਂ ਤਰੀਕੇ, ਧਾਰਨਾਵਾਂ ਅਤੇ ਕਦਰਾਂ ਕੀਮਤਾਂ ਨੂੰ ਅਪਣਾਉਣ ਤੋਂ ਹੈ। ਇਸ ਧਾਰਨਾ ਦਾ ਉਪਯੋਗ ਪਹਿਲਾਂ ਸਿਰਫ ਆਰਥਿਕ ਖੇਤਰ ਵਿੱਚ ਆ ਰਹੇ ਪਰਿਵਰਤਨ ਇਸਦੇ ਸਮਾਜ ਦੀਆਂ ਕਦਰਾਂ ਕੀਮਤਾਂ ਉੱਪਰ ਪੈਂਦੇ ਪ੍ਰਭਾਵ ਤੋਂ ਸੀ ਪਰ ਅਜੋਕੇ ਸਮੇਂ ਵਿੱਚ ਆਧੁਨਿਕਕਰਨ ਦਾ ਖੇਤਰ ਬਹੁਤ ਵਿਆਪਕ ਹੋ ਗਿਆ ਹੈ। ਇਸ ਵਿੱਚ ਖੇਤੀ ਤੋਂ ਲੈਕੇ ਉਦਯੋਗਿਕ ਆਰਥਿਕਤਾ ਦੇ ਪੂਰਨ ਪਰਿਵਰਤਨ ਤੋਂ ਹੈ। ਇਸ ਦਾ ਪ੍ਰਭਾਵ ਉਹਨਾਂ ਜਾਤੀਆਂ ਤੇ ਵੀ ਵੇਖਣ ਨੂੰ ਮਿਲਦਾ ਹੈ ਜਿਨ੍ਹਾਂ ਨੇ ਅਜੋਕੇ ਸਮੇਂ ਵਿੱਚ ਆਪਣੇ ਆਪ ਨੂੰ ਰੂੜੀਵਾਦੀ ਪ੍ਰੰਪਰਾਵਾਂ ਵਿੱਚ ਬੰਨ ਕੇ ਰੱਖਿਆ ਹੈ। ਨਤੀਜੇ ਵਜੋਂ ਹੌਲੀ ਹੌਲੀ ਆਧੁਨਿਕੀਕਰਨ ਨੇ ਵਿਅਕਤੀਆਂ ਦੇ ਵਿਚਾਰਾਂ, ਪਸੰਦ, ਮਨੋਰੰਜਨ ਦੀਆਂ ਸਹੂਲਤਾਂ ਆਦਿ ਵਿੱਚ ਪਰਿਵਰਤਨ ਲਿਆਂਦਾ ਹੈ। ਦੂਸਰੇ ਸ਼ਬਦਾਂ ਵਿੱਚ ਤਕਨੀਕੀ ਅਤੇ ਵਿਗਿਆਨਕ ਖੋਜਾਂ ਨੇ ਸਮਾਜਿਕ ਰਿਸ਼ਤਿਆਂ ਦੀ ਪੂਰੀ ਵਿਵਸਥਾ ਨੇ ਪ੍ਰੰਪਰਾਗਤ ਵਿਚਾਰਧਾਰਾ ਦੀ ਥਾਂ ਲੈ ਲਈ ਹੈ। ਉਦਾਹਰਣ ਦੇ ਤੌਰ ਤੇ ਉਦਯੋਗਿਕ ਖੇਤਰ ਵਿੱਚ ਹੱਥੀ ਕੰਮ ਨੂੰ ਮਸ਼ੀਨੀ ਤਾਕਤ ਨੇ ਬਦਲ ਦਿੱਤਾ ਹੈ।

(i) ਆਧੁਨਿਕੀਕਰਨ ਤੋਂ ਕੀ ਭਾਵ ਹੈ?

(ii) ਆਧੁਨਿਕੀਕਰਨ ਦਾ ਪ੍ਰਭਾਵ ਕਿੰਨਾ ਉੱਤੇ ਪੈਂਦਾ ਹੈ?

(iii) ਆਧੁਨਿਕੀਕਰਨ ਕੀ ਪਰਿਵਰਤਨ ਲਿਆਂਦਾ ਹੈ?

(iv) ਪਰੰਪਰਾਗਤ ਵਿਚਾਰਧਾਰਾ ਦੀ ਥਾਂ ਕਿਸ ਨੇ ਲਈ ਹੈ?

(v)ਆਧੁਨਿਕੀਕਰਨ ਦਾ ਉਦਾਹਰਨ ਦਿਓ।

## ਭਾਗ (ਸ)

ਹਰ ਪ੍ਰਸ਼ਨ ਦਾ ਉੱਤਰ 50 –100 ਸ਼ਬਦਾਂ ਵਿੱਚ ਦੇਣਾ ਹੈ।ਹਰ ਪ੍ਰਸ਼ਨ 5 ਅੰਕ ਦਾ ਹੈ। **5 + 5 = 10**

(i) ਘਰੇਲੂ ਹਿੰਸਾ ਦੇ ਕਾਰਨ ਲਿਖੋ।

ਜਾਂ

ਗੰਦੀਆਂ ਬਸਤੀਆਂ (ਝੁੱਗੀ ਝੌਂਪੜੀ) ਕਿਸ ਨੂੰ ਆਖਦੇ ਹਨ? ਦੇ ਕਾਰਣ ਦੱਸੋ।

(ii) ਨਸ਼ੇ ਦੀ ਰੋਕਥਾਮ ਵਿੱਚ ਅਧਿਆਪਕ ਦੀ ਭੂਮਿਕਾ ਬਾਰੇ ਲਿਖੋ ।

ਜਾਂ

ਕਬਾਇਲੀ ਸਮਾਜ ਦੀਆਂ ਵਿਸ਼ੇਸਤਾਵਾ ਦੱਸੋ।